# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

**ਮੀਮੋਨੰ:DySPD (PEDB)/2021**/ 251336 **ਮਿਤੀ: 24.07.2021**

## ਜਨਤਕ ਸੂਚਨਾ

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕ ਦੀ Teachers Transfer Policy-2019 ਜਾਰੀ ਕੀਤੀ ਗਈ ਸੀ ਅਤੇ ਉਸ ਉਪਰੰਤ ਸਮੇਂ ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਇਸ ਤੋਂ ਇਲਾਵਾ Punjab ICT Education Society (PICTES) ਅਧੀਨ ਕੰਮ ਕਰ ਰਹੇ ਕੰਪਿਊਟਰ ਫੈਕਲਟੀ ਲਈ ਤਬਾਦਲਾ ਨੀਤੀ ਮੀਮੋ ਨੰ 5/3-ICT-2019/Trans/303800, ਮਿਤੀ 13.09.2019 ਅਤੇ Education Provider, EGS/AIE/STR Volunteers ਲਈ ਤਬਾਦਲਾ ਨੀਤੀ ਮੀਮੋ ਨੰ SSA/HR/Transfer/2020/118750 ਮਿਤੀ 22.05.2020 ਜਾਰੀ ਕੀਤੀ ਗਈ ਸੀ। ਜੋ ਸ਼ੋਧਾਂ ਅਧਿਆਪਕਾਂ ਦੇ ਤਬਾਦਲਿਆਂ ਲਈ ਜਾਰੀ ਕੀਤੀਆਂ ਗਈਆਂ ਹਨ ਉਹ ਕੰਪਿਊਟਰ ਫੈਕਲਟੀ ਅਤੇ Education Provider, EGS/AIE/STR Volunteers ਤੇ ਬਦਲੀਆਂ ਲਈ ਲਾਗੂ ਹੋਣਗੀਆਂ।

3.0 ਵਿਭਾਗ ਵਲੋਂ ਮੀਮੋ ਨੰ: ਡਿਪਟੀ ਐਸ.ਪੀ.ਡੀ (ਪੀ.ਈ.ਡੀ.ਬੀ)/2021/206697 ਮਿਤੀ 30.06.2021 ਰਾਹੀਂ ਸਿੱਖਿਆ ਵਿਭਾਗ ਅਧੀਨ ਕੰਮ ਕਰ ਰਹੇ ਸਮੂਹ ਅਧਿਆਪਕ, ਨਾਨ ਟੀਚਿੰਗ ਸਟਾਫ, ਕੰਪਿਊਟਰ ਅਧਿਆਪਕ ਅਤੇ ਵਲੰਟੀਅਰਾਂ ਨੂੰ ਈ ਪੰਜਾਬ ਸਕੂਲ ਪੋਰਟਲ ਤੇ ਆਪਣਾ ਡਾਟਾ ਅਪਡੇਟ ਕਰਨ ਲਈ ਲਿਖਿਆ ਗਿਆ ਸੀ।

4.0 ਵਿਭਾਗ ਵਲੋਂ ਸਮੂਹ ਅਧਿਆਪਕ, ਨਾਨ ਟੀਚਿੰਗ ਸਟਾਫ, ਕੰਪਿਊਟਰ ਅਧਿਆਪਕ ਅਤੇ ਵਲੰਟੀਅਰਾਂ ਨੂੰ ਬਦਲੀਆਂ ਦੇ ਤੀਜੇ ਗੇੜ ਦੀ ਸਟੇਸਨ ਚੋਣ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ। ਸਟੇਸਨ ਚੋਣ ਲਈ ਹੇਠ ਲਿਖੇ ਕਰਮਚਾਰੀ ਯੋਗ ਹੋਣਗੇ:

I. ਮਾਸਟਰ ਕਾਡਰ ਅਧੀਨ 3582 ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਨਿਯੁਕਤ ਹੋਏ ਸਮੂਹ ਅਧਿਆਪਕ ਅਤੇ ਬਾਰਡਰ ਏਰੀਆ ਵਿੱਚ ਤੈਨਾਤ ਨਵ ਨਿਯੁਕਤ ਈ.ਟੀ.ਟੀ ਕਾਡਰ ਦੇ ਅਧਿਆਪਕ ਜਿੰਨਾਂ ਦਾ ਪਰਖ ਕਾਲ ਸਮਾਂ ਜਾਂ ਮੌਜੂਦਾ ਤੈਨਾਤੀ ਤੇ ਤਿੰਨ ਸਾਲ ਪੂਰੇ ਨਹੀਂ ਹੋਏ, ਬਦਲੀ ਲਈ ਅਪਲਾਈ ਕਰ ਸਕਣਗੇ।

II. ਉਪਰੋਕਤ ਤੋਂ ਇਲਾਵਾ ਲੈਕਚਰਾਰ, ਮਾਸਟਰ ਕਾਡਰ, ਈ.ਟੀ.ਟੀ ਅਤੇ ਡੀ.ਪੀ.ਈ ਜਿੰਨਾਂ ਦੀ ਨਿਯੁਕਤੀ ਨੂੰ ਮਿਤੀ 01.04.2021 ਨੂੰ ਤਿੰਨ ਸਾਲ ਪੂਰੇ ਨਹੀਂ ਹੋਏ ਅਤੇ ਮਿਤੀ 01.04.2022 ਤੋਂ ਪਹਿਲਾਂ ਉਹਨਾਂ ਦਾ ਪਰਖ ਕਾਲ ਸਮਾਂ ਪੂਰਾ ਹੁੰਦਾ ਹੈ ਤਾਂ ਉਹ ਬਦਲੀ ਲਈ ਅਪਲਾਈ ਕਰ ਸਕਦੇ ਹਨ ਪਰ

ਬਦਲੀ ਹੋਣ ਦੀ ਸੂਰਤ ਵਿੱਚ ਤਿੰਨ ਸਾਲ ਜਾਂ ਪਰਖ ਕਾਲ ਸਮਾਂ ਪੂਰਾ ਹੋਣ ਤੇ ਬਦਲੀ ਲਾਗੂ ਹੋਵੇਗੀ।

III. ਬਦਲੀ ਦੇ ਪਹਿਲੇ ਅਤੇ ਦੂਜੇ ਗੇੜ ਵਿੱਚ ਜਿੰਨਾਂ ਅਧਿਆਪਕਾਂ ਦੀ ਬਦਲੀ ਹੋਈ ਸੀ ਅਤੇ ਉਹਨਾਂ ਵਲੋਂ ਬਦਲੀ ਦੇ ਹੁਕਮ ਰੱਦ ਕਰਵਾਏ ਗਏ ਹਨ, ਬਦਲੀ ਲਈ ਯੋਗ ਨਹੀਂ ਹੋਣਗੇ।

IV. ਜਿੰਨਾਂ ਅਧਿਆਪਕਾਂ ਦੀ ਤੱਰਕੀ ਮਿਤੀ 25.06.2019 ਉਪਰੰਤ ਹੋਈ ਹੈ ਅਤੇ ਮੌਜੂਦਾ ਸਟੇਸਨ ਤੇ 2 ਸਾਲ ਪੂਰੇ ਨਹੀਂ ਹੋਏ ਉਹ ਬਦਲੀ ਲਈ ਯੋਗ ਨਹੀਂ ਹੋਣਗੇ।

V. Exempted Category ਦੇ ਕਰਮਚਾਰੀ ਜਿੰਨਾਂ ਨੇ ਆਪਣੀ ਬਦਲੀ ਲਈ ਬੇਨਤੀ ਮੁੱਖ ਦਫਤਰ ਨੂੰ ਦਿੱਤੀ ਹੋਈ ਹੈ, ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਸਟੇਸਨ ਚੋਣ ਆਨਲਾਈਨ ਦੇਣ।

5.0 ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜਿੰਨਾਂ ਕਰਮਚਾਰੀਆਂ ਦਾ ਡਾਟਾ ਅਧੂਰਾ ਪਾਇਆ ਜਾਂਦਾ ਹੈ ਉਹ ਬਦਲੀ ਲਈ ਯੋਗ ਨਹੀਂ ਹੋਣਗੇ। ਬਦਲੀ ਲਈ ਮੈਰਿਟ ਕਰਮਚਾਰੀ ਵਲੋਂ ਭਰੇ ਡਾਟਾ ਦੇ ਅਧਾਰ ਤੇ ਹੀ ਤਿਆਰ ਕੀਤੀ ਜਾਵੇਗੀ।

6.0 ਸਮੂਹ ਅਧਿਆਪਕ, ਨਾਨ ਟੀਚਿੰਗ ਸਟਾਫ, ਕੰਪਿਊਟਰ ਅਧਿਆਪਕ ਅਤੇ ਵਲੰਟੀਅਰਾਂ ਜੋ ਬਦਲੀ ਕਰਵਾਉਣਾ ਚਾਹੁੰਦੇ ਹਨ ਉਹ ਬਦਲੀ ਲਈ ਸਟੇਸਨ ਚੋਣ ਮਿਤੀ 26.07.2021 ਤੋਂ 28.07.2021 ਤੱਕ ਆਪਣੇ Epunjab school Login Id ਵਿੱਚ ਦਰਸਾਈਆਂ ਅਸਾਮੀਆਂ ਵਿਰੁੱਧ ਕਰ ਸਕਦੇ ਹਨ। ਇਹਨਾਂ ਅਸਾਮੀਆਂ ਤੋਂ ਇਲਾਵਾ ਕਿਸੇ ਹੋਰ ਅਸਾਮੀ ਤੇ ਬਦਲੀ ਲਈ ਨਹੀਂ ਵਿਚਾਰਿਆ ਜਾਵੇਗਾ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**